بِسۡمِ اللّٰہِ الرَّحۡمٰنِ الرَّحِیۡمِ نَحْمَدُہٗ وَنُصَلِّی عَلٰی رَسُوْلِہِ الْکَرِیْمِ وَعَلٰی عَبْدِہِ الْمَسِیْحِ الْمَوْعُوْدِ

# ਖ਼ੁਲਾਸਾ ਖ਼ੁਤਬਾ ਜੁਮਆ 31.12.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 31 ਦਸੰਬਰ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

أَشْھَدُ أَنْ لَّا إِلٰہَ إِلَّا اللّٰہُ وَحْدَہٗ لَا شَرِیْکَ لَہٗ وَأَشْھَدُ أَنَّ مُحَمَّدًا عَبْدُہٗ وَرَسُوْلُہٗ أَمَّا بَعْدُ فَأَعُوْذُ بِاللّٰہِ مِنَ الشَّیْطٰنِ الرَّجِیْمِ۔

بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَ اِیَّاکَ نَسۡتَعِیۡنُ ۔

اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ ۬ۙ غَیۡرِ الۡمَغۡضُوۡبِ عَلَیۡہِمۡ وَ لَا الضَّآلِّیۡنَ ۔

ਤਸ਼ਹਹੁਦ, ਤਊਜ਼, ਸੂਰਤ ਫ਼ਾਤਿਹਾ ਅਤੇ ਸੂਰਤ ਤੌਬਾ ਦੀ ਆਇਤ 40 ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਖ਼ੁਤਬੇ ਵਿੱਚ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਗ਼ਾਰੇ ਸੌਰ ਦੀ ਘਟਨਾ ਦਾ ਵਰਨਣ ਹੋ ਰਿਹਾ ਸੀ । ਇਸ ਘਟਨਾ ਬਾਰੇ ਰੱਬ ਕੁਰਆਨ ਕਰੀਮ ਵਿੱਚ ਫ਼ਰਮਾਉਂਦਾ ਹੈ ਕਿ ਜੇਕਰ ਤੁਸੀਂ ਇਸ ਰਸੂਲ ਦੀ ਮਦਦ ਨ ਵੀ ਕਰੋ ਤਾਂ ਰੱਬ ਪਹਿਲਾਂ ਵੀ ਉਸ ਦੀ ਮਦਦ ਕਰ ਚੁੱਕਿਆ ਹੈ ਜੱਦ ਉਸ ਨੂੰ ਉਹਨਾ ਲੋਕਾਂ ਨੇ ਜਿੰਨ੍ਹਾ ਨੇ ਇਨਕਾਰ ਕੀਤਾ ਤੇ ਵਤਨ'ਚੋਂ ਕੱਢ ਦਿਤੱਾ ਸੀ ਇਸ ਅਵਸਥਾ ਵਿੱਚ ਕਿ ਉਹ ਦੋ ਵਿੱਚੋਂ ਇਕ ਸੀ । ਜੱਦ ਉਹ ਦੋਵੇਂ ਗ਼ਾਰ ਵਿੱਚ ਸਨ । ਉਹ ਆਪਣੇ ਸਾਥੀ ਨੂੰ ਕਹਿ ਰਿਹਾ ਸੀ ਕਿ ਗ਼ਮ ਨ ਕਰ ਨਿਸ਼ਚੇ ਹੀ ਰੱਬ ਸਾਡੇ ਨਾਲ ਹੈ । ਸੋ, ਰੱਬ ਨੇ ਉਸ'ਤੇ ਸ਼ਾਂਤੀ ਪ੍ਰਦਾਨ ਕੀਤੀ ਅਤੇ ਉਸ ਦੀ ਅਜਿਹੇ ਲਸ਼ਕਰਾਂ ਨਾਲ ਮਦਦ ਕੀਤੀ ਜਿੰਨ੍ਹਾ ਨੂੰ ਤੁਸੀਂ ਕਦੇ ਦੇਖਿਆ । ਉਸਨੇ ਉਹਨਾਂ ਲੋਕਾਂ ਦੀ ਨੀਵੀਂ ਕਰ ਦਿਖਾਈ ਜਿੰਨ੍ਹਾ ਨੇ ਇਨਕਾਰ ਕੀਤਾ ਸੀ ਅਤੇ ਗੱਲ ਰੱਬ ਦੀ ਹੀ ਗ਼ਾਲਬ ਹੁੰਦੀ ਹੈ ਅਤੇ ਰੱਬ ਹੀ ਕਾਮਲ ਗ਼ਲਬੇ ਵਾਲਾ ਤੇ ਬਹੁਤ ਵੱਡਿਆਈ ਵਾਲਾ ਹੈ ।

ਜੱਦ ਮੱਕੇ ਦੇ ਇਨਕਾਰੀ ਗ਼ਾਰ ਦੇ ਮੂੰਹ'ਤੇ ਖੜੇ ਗਲੱਾਂ ਕਰ ਰਹੇ ਸਨ ਤਾਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਰਸੂਲੁਲੱਾਹ ਦੇ ਫੜੇ ਜਾਣ ਦੇ ਡਰ ਨਾਲ ਘਬਰਾ ਗਏ । ਅਜਿਹੇ ਸਮੇਂ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ (لَا تَحْزَنْ اِنَّ اللّٰہَ مَعَنَا) ਲਾ ਤਹਜ਼ਨ ਇਨੱਲੱਾਹਾ ਮਾਆਨਾ । ਗ਼ਮ ਨ ਕਰ ਨਿਸ਼ਚੇ ਹੀ ਸਾਡਾ ਰੱਬ ਸਾਡੇ ਨਾਲ ਹੈ । ਗ਼ਾਰੇ ਸੌਰ ਦੇ ਪਹਾੜ ਕੋਲ ਪਹੁੰਚ ਕੇ ਨਾਲ ਆਏ ਖੋਜੀ ਨੇ ਕਿਹਾ ਕਿ ਉਹ ਲੋਕ ਇੱਥੋਂ ਅੱਗੇ ਨਹੀਂ ਗਏ । ਇਸ'ਤੇ ਕਿਸੇ ਨੇ ਗ਼ਾਰ ਦੇ ਅੰਦਰ ਝਾਤੀ ਮਾਰਨ ਮਾਰਨ ਦਾ ਜਤਨ ਕੀਤਾ ਤਾਂ ਉਮਯੱਾ ਬਿਨ ਖ਼ਲਫ਼ ਨੇ ਆਕੜ ਤੇ ਬੇ ਪਰਵਾਹੀ ਨਾਲ ਕਿਹਾ ਕਿ ਇਹ ਜਾਲਾ ਤੇ ਰੁੱਖ ਤਾਂ ਮੈਂ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਦੇ ਜਨਮ ਤੋਂ ਪਹਿਲਾਂ ਦਾ ਦੇਖ ਰਿਹਾ ਹਾਂ, ਤੁਹਾਡਾ ਦਿਮਾਗ਼ ਫਿਰ ਗਿਆ ਹੈ ਉਹ ਇੱਥੇ ਕਿਵੇਂ ਹੋ ਸਕਦਾ ਹੈ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਮੱਕੇ ਦੇ ਕੁਰੈਸ਼ ਨੇ ਮੁਹਮੱਦ (ਸਲਲੱਾਹੁ ਅਲੈਹਿ ਵਸਲੱਮ) ਨੂੰ ਜੀਊਂਦਾ ਜਾਂ ਮੁਰਦਾ ਫ਼ੜਕੇ ਲਿਆਉਂਣ'ਤੇ ਇਕ ਸੌ ਊਠਾਂ ਦਾ ਪੁਰਸਕਾਰ ਐਲਾਨਿਆਂ ਸੀ, ਇਸ ਇਨਾਮ ਦੀ ਲਾਲਚ ਵਿੱਚ ਕਈ ਲੋਕ ਮੱਕੇ ਦੇ ਚਾਰੇ ਪਾਸੇ ਏਧਰ ਉਧੱਰ ਨਿਕਲੇ । ਜੱਦ ਮੱਕੇ ਦੇ ਰਈਸ ਗ਼ਾਰ

ਕੋਲ ਪਹੁੰਚੇ ਤਾਂ ਉਹਨਾਂ ਨੇ ਦੇਖਿਆ ਕਿ ਗ਼ਾਰ ਦੇ ਮੂੰਹ'ਤੇ ਜੋ ਰੁੱਖ ਸੀ ਉਸ ਦੀ ਐਨ ਸਾਹਮਣੇ ਵਾਲੀ ਟਾਹਣੀ'ਤੇ ਇਕ ਕਬੂਤਰੀ ਨੇ ਆਲ੍ਹਣਾ ਬਣਾਕੇ ਆਂਡੇ ਦੇ ਦਿੱਤੇ ਅਤੇ ਇਕ ਮਕੜੀ ਨੇ ਜਾਲਾ ਬੁਣ ਦਿਤੱਾ ਸੀ । ਦੇਖਣ ਨੂੰ ਇਹ ਰਿਵਾਇਤ ਕਮਜ਼ੋਰ ਹੈ ਪਰ ਜੇਕਰ ਅਜਿਹਾ ਹੋਇਆ ਵੀ ਤਾਂ ਹੈਰਾਨੀ ਦੀ ਗੱਲ ਨਹੀਂ । ਕਿਉਂਕਿ ਮਕੜੀ ਕਈ ਵਾਰ ਕੁਝ ਮਿੰਟਾਂ ਵਿੱਚ ਹੀ ਇਕ ਵਡੱਾ ਜਾਲਾ ਉਣ ਦਿੰਦੀ ਹੈ ਅਤੇ ਕਬੂਤਰੀ ਨੂੰ ਵੀ ਆਲ੍ਹਣਾ ਪਾਉਂਣ ਤੇ ਆਂਡੇ ਦੇਣ ਵਿੱਚ ਦੇਰ ਨਹੀਂ ਲਗਦੀ । ਇਸ ਲਈ ਜੇਕਰ ਰੱਬ ਨੇ ਆਪਣੇ ਰਸੂਲ ਦੀ ਸੁਰੱਖਿਆ ਲਈ ਅਜਿਹਾ ਕਾਰਨਾ ਕੀਤਾ ਤਾਂ ਕੋਈ ਦੂਰ ਦੀ ਗੱਲ ਨਹੀਂ ਕਿ ਹੈ ਸਗੋਂ ਉਸ ਸਮੇਂ ਦੇ ਪੱਖੋਂ ਅਜਿਹਾ ਹੋਣਾ ਬਿਲਕੁਲ ਵਿਚਾਰ ਅਨੁਸਾਰ ਹੈ । ਰਿਵਾਇਤ ਇਉਂ ਹੈ ਕਿ ਕੁਰੈਸ਼ ਐਨ੍ਹੇ ਨੇੜੇ ਪਹੁੰਚ ਗਏ ਸਨ ਕਿ ਉਹਨਾਂ ਦੇ ਪੈਰ੍ਹ ਗ਼ਾਰ ਦੇ ਅੰਦਰ ਦਿਖਾਈ ਦਿੰਦੇ ਸਨ ਅਤੇ ਉਹਨਾਂ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਸਨ । ਇਨਕਾਰੀਆਂ ਨੂੰ ਐਨ੍ਹੇ ਨੇੜੇ ਅਨੁਭਵ ਕਰਕੇ ਹਜ਼ਰਤ ਅਬੂ ਬਕਰ ਘਬਰਾਏ ਤਾਂ ਹਜ਼ੂਰ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਇਆ ਹੇ ਅਬੂਬਕਰ ! ਤੁਸੀਂ ਇਹਨਾਂ ਦੋਹਾਂ ਵਿਕਅਤੀਆਂ ਬਾਰੇ ਕੀ ਗੁਮਾਨ ਕਰਦੇ ਹੋ ਜਿੰਨ੍ਹਾ ਨਾਲ ਤੀਜਾ ਉਹਨਾ ਦਾ ਰੱਬ ਹੈ । ਇਸ'ਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਦਰਦ ਭਰੀ ਅਵਾਜ਼ ਵਿੱਚ ਕਿਹਾ ਕਿ ਹੇ ਰਸੂਲੁਲੱਾਹ ! ਜੇਕਰ ਮੈਂ ਮਾਰਿਆਂ ਜਾਵਾਂ ਤਾਂ ਮੈਂ ਤਾਂ ਬਸ ਇਕੱਲੀ ਜਾਨ ਹਾਂ ਪਰ ਰੱਬ ਨ ਕਰੇ ਜੇਕਰ ਕੋਈ ਆਪ ਸਲਲੱਾਹੁ ਅਲੈਹਿ ਵਨਲੱਮ ਉੱਤੇ ਕੋਈ ਆਂਚ ਆਵੇ ਤਾਂ ਫਿਰ ਤਾਂ ਸੰਭਵਤਾ ਸਾਰੀ ਕੌਮ ਹੀ ਮਿੱਟ ਗਈ ।

ਸਯੱਦਨਾ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਇਸ ਘਟਨਾ ਦਾ ਇਕ ਪੱਖ ਇਹ ਹੈ ਕਿ ਮੂਸਾ ਦੇ ਸਾਥੀਆਂ ਨੇ ਘਬਰਾਕੇ ਕਿਹਾ ਕਿ ਹੇ ਮੂਸਾ ! ਅਸੀਂ ਫੜੇ ਗਏ ਪਰੰਤੂ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਭਰੋਸੇ ਨੇ ਆਪ ਦੇ ਸਾਥੀ'ਤੇ ਅਜਿਹਾ ਪ੍ਰਭਾਵ ਪਾਇਆ ਕਿ ਉਸ ਦੇ ਮੂੰਹੋਂ ਵੀ ਇਹ ਸ਼ਬਦ ਨ ਨਿਕਲੇ ਕਿ ਅਸੀਂ ਫੜੇ ਗਏ । ਉਸ ਨੇ ਕਿਹਾ ਤਾਂ ਕੇਵਲ ਇਹ ਕਿ ਦੁਸ਼ਮਨ ਐਨ੍ਹਾ ਨੇੜੇ ਆ ਗਿਆ ਹੈ ਕਿ ਜੇਕਰ ਉਹ ਸਾਨੂੰ ਦੇਖਣਾ ਚਾਹੇ ਤਾਂ ਦੇਖ ਸਕਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੁਸੀਬਤ ਦੀ ਇਸ ਘੜੀ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦਾ ਇਹ ਨਿਰਵਾਚਨ ਹੀ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੀ ਸਚਾਈ ਅਤੇ ਉਤੱਮ ਵਫ਼ਾਦਾਰੀ ਦੀ ਜ਼ਬਰਦਸਤ ਦਲੀਲ ਹੈ । ਉਸ ਸਮੇਂ ਆਪ ਜੀ ਦੇ ਕੋਲ ਸਤੱਰ ਅੱਸੀ ਸਹਾਬਾ ਮੌਜੂਦ ਸਨ ਜਿੰਨ੍ਹਾ ਵਿੱਚ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਵੀ ਸਨ ਪਰ ਇਹਨਾ ਸਾਰਿਆਂ ਵਿੱਚੋਂ ਆਪਣੀ ਮਿਤੱਰਤਾ ਲਈ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦਾ ਨਿਰਵਾਚਨ ਕੀਤਾ । ਇਸ ਵਿੱਚ ਕੀ ਵਿਸ਼ੇਸ਼ਤਾ ਹੈ ? ਗੱਲ ਇਹ ਹੈ ਕਿ ਨਬੀ ਰੱਬ ਦੀ ਅੱਖ ਨਾਲ ਦੇਖਦਾ ਹੈ ਅਤੇ ਉਸ ਦਾ ਬੋਧ ਰੱਬ ਵੱਲੋਂ ਹੀ ਆਉਂਦਾ ਹੈ ਇਸ ਲਈ ਰੱਬ ਨੇ ਹੀ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਦਿਵਦ੍ਰਿਸ਼ ਰਾਹੀਂ ਤੇ ਇਲਹਾਮ ਰਾਹੀਂ ਦੱਸ ਦਿਤੱਾ ਕਿ ਇਸ ਕੰਮ ਲਈ ਸਭ ਤੋਂ ਚੰਗਾ ਤੇ ਉਚਿਤ ਹਜ਼ਰਤ ਅਬੂ ਬਕਰ ਸਿੱਦੀਕ ਰਜ਼ੀ ਅਲੱਾਹੁ ਅਨਹੁ ਹੀ ਹਨ । ਅਬੂ ਬਕਰ ਇਸ ਔਖੀ ਘੜੀ ਵੀ ਆਪ ਦੇ ਨਾਲ ਹੋਏ । ਇਹ ਸਮਾਂ ਅਤਿਅੰਤ ਔਖੀ ਪ੍ਰੀਖਿਆ ਦਾ ਸਮਾਂ ਸੀ । ਹਜ਼ਰਤ ਮਸੀਹ'ਤੇ ਜੱਦ ਇਸ ਪ੍ਰਕਾਰ ਦਾ ਸਮਾਂ ਆਇਆ ਤਾਂ ਉਹਨਾ ਦੇ ਚੇਲੇ ਉਹਨਾਂ ਨੂੰ ਛਡੱਕੇ ਦੌੜ ਗਏ ਅਤੇ ਇਕ ਨੇ ਲਾਨ੍ਹਤ ਵੀ ਕੀਤੀ । ਪਰ ਸਹਾਬਾ ਕਰਾਮ ਵਿੱਚੋਂ ਹਰ ਇਕ ਨੇ ਪੂਰੀ ਵਫ਼ਾਦਾਰੀ ਦਾ ਨਮੂਨਾ ਦਿਖਾਇਆ । ਇਸ ਸ਼ਬਦ'ਤੇ ਗ਼ੌਰ ਕਰੋ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੂੰ ਆਪਣੇ ਨਾਲ ਰਲਾਉਂਦੇ ਹਨ, ਇਉ ਫ਼ਰਮਾਇਆ, (إِنَّ اللَّهَ مَعَنَا) ਇਨੱਲੱਾਹਾ ਮਾਆਨਾ, ਮਾਆਨਾ ਵਿੱਚ ਆਪ ਦੋਵੇਂ ਸ਼ਾਮਲ ਹਨ ਅਰਥਾਤ ਰੱਬ ਤੇਰੇ ਤੇ ਮੇਰੇ ਨਾਲ ਹੈ । ਰੱਬ ਨੇ ਇਕ ਪੱਲੇ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਅਤੇ ਦੂਜੇ'ਤੇ ਹਜ਼ਰਤ ਸਿੱਦੀਕ ਨੂੰ ਰੱਖਿਆ ।

ਰਿਵਾਇਤ ਵਿੱਚ ਆਉਂਦਾ ਹੈ ਕਿ ਤੈਅ ਹੋਏ ਪ੍ਰੋਗਰਾਮ ਅਨੁਸਾਰ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਹੋਨਹਾਰ ਸਾਹਿਬਜ਼ਾਦੇ ਹਜ਼ਰਤ ਅਬਦੁਲੱਾਹ ਬਿਨ ਅਬੂਬਕਰ ਰਾਤ ਨੂੰ ਗ਼ਾਰੇ ਸੌਰ'ਤੇ ਆਉਂਦੇ ਅਤੇ ਦਿਨ ਭਰ ਦੀਆਂ ਖ਼ਬਰਾਂ ਦਿੰਦੇ, ਨਿਰਦੇਸ਼ ਲੈਂਦੇ ਅਤੇ ਸਵੇਰ ਸਾਰ ਇਸ ਪ੍ਰਕਾਰ ਮੱਕੇ ਵਾਪਸ ਪਰਤਦੇ ਜਿਵੇਂ ਰਾਤ ਮੱਕੇ ਵਿੱਚ ਹੀ ਬਤੀਤ ਕੀਤੀ

ਹੋਵੇ । ਆਮਰ ਬਿਨ ਫ਼ਹੀਰਾ ਦੀ ਚਲਾਕੀ ਇਹ ਸੀ ਕਿ ਰਾਤ ਸਮੇਂ ਦੁੱਧ ਵਾਲੀਆਂ ਬਕਰੀਆਂ ਦਾ ਦੁੱਧ ਦੇਣ ਮਗਰੋਂ ਇਸ ਪ੍ਰਕਾਰ ਪਰਤਦੇ ਕਿ ਹਜ਼ਰਤ ਅਬਦੁੱਲਾਹ ਬਿਨ ਅਬੂ ਬਕਰ ਰਜ਼ੀ ਅੱਲਾਹੁ ਅਨਹੁ ਦੇ ਪੈਰ੍ਹਾਂ ਦੀਆਂ ਪੈੜਾਂ ਮਿਟਾ ਦਿੰਦੇ । ਸਹੀ ਬੁਖ਼ਾਰੀ ਦੀ ਰਿਵਾਇਤ ਅਨੁਸਾਰ ਅਬਦੁੱਲਾਹ ਬਿਨ ਅਰੀਕਤ ਤੋਂ ਇਹ ਵਾਦਾ ਲਿਆ ਗਿਆ ਸੀ ਕਿ ਉਹ ਤਿਨ ਦਿਨ ਬਾਦ ਸਵੇਰ ਸਮੇਂ ਉਠ ਲੈਕੇ ਪਹੁੰਚੇਗਾ, ਸੋ, ਉਹ ਤੀਜੇ ਦਿਨ ਉਹ ਉਠਣੀਆਂ ਲੈਕੇ ਗ਼ਾਰੇ ਸੌਰ ਪਹੁੰਚ ਗਿਆ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਇਕ ਉਠਣੀ ਦਾ ਨਾਂ 'ਕਸਵਾ' ਮਿਲਦਾ ਹੈ ਇਸ'ਤੇ ਆਪ ਸਵਾਰ ਹੋਏ । ਹਜ਼ਰਤ ਅਬੂ ਬਕਰ ਰਜ਼ੀ ਅੱਲਾਹੁ ਅਨਹੁ ਨੇ ਆਪਣੀ ਉਠਣੀ'ਤੇ ਆਪਣੇ ਨਾਲ ਆਮਰ ਬਿਨ ਫ਼ਹੀਰਾ ਨੂੰ ਸਵਾਰ ਕੀਤਾ ਅਤੇ ਅਰੀਕਤ ਆਪਣੇ ਉਠ'ਤੇ ਸਵਾਰ ਹੋਇਆ । ਹਜ਼ਰਤ ਅਬੂ ਬਕਰ ਰਜ਼ੀ ਅੱਲਾਹੁ ਅਨਹੁ ਕੋਲ ਘਰ ਵਿੱਚ ਕੁਲ ਸਰਮਾਇਆ ਪੰਜ ਜਾਂ ਛੇ ਹਜ਼ਾਰ ਦਿਰਹਮ ਸਨ, ਆਪ ਜੀ ਨੇ ਰਵਾਨਾ ਹੁੰਦੇ ਸਮੇਂ ਇਹ ਸਰਮਾਇਆ ਆਪਣੇ ਨਾਲ ਰੱਖ ਲਿਆ ਸੀ । ਆਪ ਨੇ ਮੱਕੇ ਵਿੱਚੋਂ ਨਿਕਲਦੇ ਸਮੇਂ ਅਤਿਅੰਤ ਦੁੱਖ ਨਾਲ ਕਿਹਾ ਕਿ ਇਹਨਾ ਲੋਕਾਂ ਨੇ ਆਪਣੇ ਨਬੀ ਨੂੰ ਕੱਢਿਆ ਹੈ ਹੁਣ ਇਹ ਅਵਸ਼ ਹਲਾਕ ਹੋਣਗੇ ।

ਜੱਦ ਮੱਕੇ ਤੋਂ ਲਗਭਗ ਬਿਆਸੀ (82) ਮੀਲ ਦੀ ਦੂਰੀ'ਤੇ ਜਹਫ਼ਾ ਸਥਾਨ'ਤੇ ਪਹੁੰਚੇ ਤਾਂ ਕੁਰਆਨ ਕਰੀਮ ਦੀ ਆਇਤ (اِنَّ الَّذِیْ فَرَضَ عَلَیْكَ الْقُرْاٰنَ لَرَآدُّكَ اِلٰی مَعَادٍ) ਇਨੱਲੱਜ਼ੀ ਫ਼ਾਰਾਜ਼ਾ ਅਲੈਕਲ ਕੁਰਆਨਾ ਲ-ਰਾਦੁਕਾ ਇਲਾ ਮਆਦਿਨ' ਨਾਜ਼ਲ ਹੋਈ ਅਰਥਾਤ ਉਹ ਜਿਸਨੇ ਕੁਰਆਨ ਨੂੰ ਤੇਰੇ'ਤੇ ਫ਼ਰਜ਼ ਕੀਤਾ ਹੈ ਤੈਨੂੰ ਅਵਸ਼ ਇਕ ਪਰਤਨ ਵਾਲੀ ਥਾਂ ਵੱਲ ਵਾਪਸ ਪਰਤਾ ਲਿਆਏਗਾ ।

ਸਾਰੀ ਰਾਤ ਯਾਤਰਾ ਜਾਰੀ ਰਹੀ ਇੱਥੋਂ ਤੱਕ ਕਿ ਜੱਦ ਦੁਪਹਿਰ ਦਾ ਸਮਾਂ ਹੋਣ ਲਗੱਾ ਤਾਂ ਇਕ ਚਟੱਾਨ (ਪਹਾੜ) ਦੀ ਛਾਂ ਹੇਠ ਜਥੱਾ ਕੁਝ ਸਮੇਂ ਰਾਹਤ ਲਈ ਰੁੱਕਿਆ । ਹਜ਼ਰਤ ਅਬੂ ਬਕਰ ਰਜ਼ੀ ਅੱਲਾਹੁ ਅਨਹੁ ਨੇ ਬਿਸਤਰ ਕੀਤਾ ਅਤੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੂੰ ਆਰਾਮ ਕਰਨ ਲਈ ਬਿਨਤੀ ਕੀਤੀ, ਸੋ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਲੇਟ ਗਏ । ਫਿਰ ਹਜ਼ਰਤ ਅਬੂ ਬਕਰ ਰਜ਼ੀ ਅੱਲਾਹੁ ਅਨਹੁ ਬਾਹਰ ਨਿਕਲ ਗਏ ਤਾਂ ਜੋ ਦੇਖਣ ਕਿ ਪਿਛੱਾ ਕਰਨ ਵਾਲਿਆਂ ਵਿੱਚੋਂ ਕੋਈ ਆ ਤੇ ਨਹੀਂ ਰਿਹਾ । ਐਨ੍ਹੇ ਵਿੱਚ ਦੂਰੋਂ ਇਕ ਚਰਵਾਹਾ ਵੀ ਛਾਂ ਦੀ ਭਾਲ ਵਿੱਚ ਏਧਰ ਨਿਕਲ ਆਣ ਨਿਕਲਿਆ । ਹਜ਼ਰਤ ਅਬੂ ਬਕਰ ਰਜ਼ੀ ਅੱਲਾਹੁ ਅਨਹੁ ਨੇ ਉਸਨੂੰ ਕਿਹਾ ਕਿ ਕੀ ਤੁਸੀਂ ਸਾਡੇ ਲਈ ਕੁਝ ਦੁੱਧ ਚੋਹੋਗੇ । ਉਸਨੇ ਕਿਹਾ ਕਿ ਹਾਂ । ਫਿਰ ਉਸਨੂੰ ਕਿਹਾ ਕਿ ਪਹਿਲਾਂ ਥਨ ਚੰਗੀ ਤਰ੍ਹਾਂ ਸਾਫ਼ ਕਰੋ । ਫਿਰ ਆਪਣੀ ਨਿਗਰਾਨੀ ਵਿੱਚ ਦੁੱਧ ਬਰਤਨ ਵਿੱਚ ਪੁਆਇਆ । ਇਸ ਵਿੱਚ ਪਾਣੀ ਪਾਇਆ ਤਾਂ ਜੋ ਦੁੱਧ ਦੀ ਗਰਮੀ ਘੱਟ ਜਾਵੇ ਅਤੇ ਦੁੱਧ ਆਂਹਜ਼ਰਤ ਸਲਲਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਪੇਸ਼ ਕੀਤਾ ਅਤੇ ਆਪਨੇ ਐਨ੍ਹਾ ਪੀਤਾ ਕਿ ਹਜ਼ਰਤ ਅਬੂਬਕਰ ਕਹਿੰਦੇ ਹਨ ਕਿ ਮੈਂ ਖ਼ੁਸ਼ ਹੋ ਗਿਆ । ਅਰੀਕਤ ਜਿਹੇ ਮਾਹਰ ਮਾਰਗ ਦਰਸ਼ਕ ਦੀ ਨਿਗਰਾਨੀ ਵਿੱਚ ਤੱਟੀਏ ਬਸਤੀਆਂ ਵੱਲੋਂ ਮਦੀਨੇ ਵੱਲ ਇਹ ਸਫ਼ਰ ਅਰੰਭ ਹੋਇਆ ।

ਇਨਾਮ ਦੀ ਲਾਲਚ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦਾ ਪਿਛੱਾ ਕਰਨ ਵਾਲਿਆਂ ਵਿੱਚੋਂ ਇਕ ਸੁਰਾਕਾ ਬਿਨ ਮਾਲਕ ਨਾਂ ਦਾ ਵਿਅਕਤੀ ਵੀ ਸੀ ਜੋ ਬਾਦ ਵਿੱਚ ਮੁਸਲਮਾਨ ਹੋ ਗਿਆ ਸੀ । ਉਹਨਾ ਨੇ ਆਪ ਇਸ ਘਟਨਾ ਦਾ ਵਿਸਥਾਰ ਵਰਨਣ ਕੀਤਾ ਹੈ । ਉਹਨਾਂ ਅਨੁਸਾਰ ਵਾਰ ਵਾਰ ਇਸ ਪਿਛੱਾ ਕਰਨ ਦੇ ਵਿਰੁਧ ਫ਼ਾਲ ਨਿਕਲਣ ਦੇ ਬਾਦ ਵੀ ਜਤਨ ਕਰਦੇ ਰਹੇ । ਉਹਨਾ ਦੀ ਉਠਣੀ ਬੁਰੀ ਤਰ੍ਹਾਂ ਠੋਕਰ ਖਾ ਗਈ, ਉਸ ਦੇ ਪੈਰ੍ਹ ਧਰਤੀ ਵਿੱਚ ਧੱਸ ਗਏ । ਅਖੀਰ ਉਹਨਾਂ ਨੂੰ ਵਿਸ਼ਵਾਸ ਹੋ ਗਿਆ ਕਿ ਇਹ ਪਿਛੱਾ ਕਰਨਾ ਠੀਕ ਨਹੀਂ ਸੀ । ਉਹਨਾਂ ਨੇ ਅਮਾਨ ਦੀ ਅਵਾਜ਼ ਲਾਈ ਅਤੇ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋਕੇ ਅਰਜ਼ ਕੀਤੀ ਕਿ ਮੈਂਨੂੰ ਵਿਸ਼ਾਵਾਸ ਹੈ ਕਿ ਆਪ ਇਕ ਦਿਨ ਬਾਦਸ਼ਾਹ ਹੋਣ ਗੇ, ਮੈਂਨੂੰ ਕੋਈ ਵਾਦਾ ਲਿੱਖ ਦੇਣ ਕਿ ਉਸ ਦਿਨ ਮੇਰੇ ਨਾਲ ਸਨਮਾਨ ਤੇ ਮਾਣ ਨਾਲ ਪੇਸ਼ ਆਇਆ ਜਾਏ । ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਉਸਨੂੰ ਤਹਿਰੀਰ ਲਿੱਖ ਦਿੱਤੀ ।

ਇਹ ਜ਼ਿਕਰ ਭਵਿੱਖ ਵਿੱਚ ਵੀ ਜਾਰੀ ਰਹਿਣ ਵਾਲਾ ਹੈ ਆਖਣ ਦੇ ਬਾਦ ਹਜ਼ੂਰ ਅਨਵਰ ਨੇ ਨਵੇਂ ਸਾਲ ਦੇ ਅਰੰਭ'ਤੇ ਅੰਤਰ ਰਾਸ਼ਟਰੀ ਅਹਮਦੀਆ ਜਮਾਤ ਨੂੰ ਦੁਆਵਾਂ, ਨਫ਼ਲਾ ਤੇ ਵਿਅਕਤੀਗੱਤ ਤਹੁਜੱਦ ਪੜ੍ਹਨ ਵੱਲ ਧਿਆਨ ਦੁਆਇਆ । ਦੁਰੂਦ ਸ਼ਰੀਫ਼, ਇਸਤਗ਼ਫ਼ਾਰ ਅਤੇ

رَبَّنَا لَا تُزِغْ قُلُوْبَنَا بَعْدَ اِذْ هَدَيْتَنَا وَهَبْلَنَا مِنْ لَّدُنْكَ رَحْمَةً اِنَّكَ اَنْتَ الْوَهَّابُ

اور رَبَّنَا اغْفِرْلَنَا ذُنُوْبَنَا وَاِسْرَافَنَا فِيْٓ اَمْرِنَا وَثَبِّتْ اَقْدَامَنَا وَانْصُرْنَا عَلَى الْقَوْمِ الْكٰفِرِيْنَ

ਰਬੱਨਾ ਲਾ ਤੁਜ਼ਿਗ਼ ਕੁਲੂਬਨਾ ਬਾਦਾ ਇਜ਼ ਹਦੈਤਨਾ ਵ ਹਬਲਾਨਾ ਮਿੰਨਲਾਦੁਨਕਾ ਰਹਮਾਤਨ, ਇਨੱਾਕਾ ਅੰਤਲ ਵਹਾਬ, ਅਤੇ ਰਬੱਾਨਗ਼ਫ਼ਿਰਲਾਨਾ ਜ਼ੁਨੂਬਨਾ ਵ ਇਸਰਾਫ਼ਾਨਾ ਫ਼ੀ ਅਮਰਿਨਾ ਵ ਸੱਬਿਤ ਅਕਦਾਮਾਨਾ ਵਨਸੁਰਨਾ ਅਲਲ ਕੌਮਿਲ ਕਾਫ਼ਿਰੀਨ । ਇਹ ਦੁਆ ਪੜ੍ਹਨ ਦੀ ਤਲਕੀਨ ਕੀਤੀ ।

ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਅਯੱਦਾ ਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਹੇਠਾਂ ਲਿਖੇ ਤਿਨ ਮਰਹੂਮਾ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਨਮਾਜ ਜੁਮਏ ਦੇ ਬਾਦ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।

ਮੁਕਰੱਮ ਮਲਕ ਫ਼ਾਰੂਕ ਅਹਮਦ ਖੋਖਰ ਸਾਹਬ ਸਾਬਕਾ ਅਮੀਰ ਜ਼ਿਲਾ ਮੁਲਤਾਨ, ਮੁਕਰੱਮ ਰਹਿਮਾਤੁਲੱਾਹ ਸਾਹਬ ਇੰਡੋਨੇਸ਼ੀਆ ਅਤੇ ਮੁਕਰੱਮ ਅਲਹਾਜ ਅਬਦੁਲ ਹਮੀਦ ਟਾਕ ਸਾਹਬ ਯਾਰੀ ਪੁਰਾ ਕਸ਼ਮੀਰ । ਹਜ਼ੂਰ ਨੇ ਫ਼ਰਮਾਇਆ ਇਹ 24 ਦਸੰਬਰ ਨੂੰ 94 ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਏ ਹਨ । ਰੱਬ ਦੀ ਆਪਰ ਮਿਹਰ ਨਾਲ ਮੂਸੀ ਸਨ । ਮੁਹਮੱਦ ਅਕਰਮ ਟਾਕ ਸਾਹਬ ਯਾਰੀਪੁਰਾ ਦੇ ਪੁਤੱਰ ਸਨ ਜੋ ਇਸ ਖੇਤਰ ਦੇ ਅਰੰਭਕ ਅਹਮਦੀਆਂ ਵਿੱਚੋਂ ਸਨ । ਮਰਹੂਮ ਬਹੁਤ ਨੇਕ, ਨਰਮ ਮਿਜ਼ਾਜ ਮਿਲਨਸਾਰ, ਹਰਮਨ ਪਿਆਰੇ, ਸੰਜੀਦਾ ਤੇ ਸੰਤੋਖੀ ਵਿੱਅਕਤੀ ਸਨ । ਲੰਮਾ ਸਮਾਂ ਜਮਾਤੀ ਸੇਵਾ ਦਾ ਸੰਜੋਗ ਪ੍ਰਾਪਤ ਕੀਤਾ । ਪ੍ਰਾਂਤੀ ਅਮੀਰ ਜਮਾਤ ਜੰਮੂ ਕਸ਼ਮੀਰ ਤੋਂ ਬਿਨਾ ਜ਼ਿਲੇ ਪਧੱਰ ਦੇ ਅਮੀਰ ਅਤੇ ਨਾਜ਼ਿਮ ਅੰਸਾਰੁਲੱਾਹ ਦੇ ਰੂਪ ਵਿੱਚ ਸੇਵਾ ਦਾ ਮੌਕਾ ਪ੍ਰਾਪਤ ਕੀਤਾ । ਲੋਕਲ ਜਮਾਤ ਵਿੱਚ ਲੋਕਲ ਉਹਦਿਆਂ ਉਪੱਰ ਵੀ ਸੇਵਾ ਬਜਾ ਲਿਆਉਂਦੇ ਰਹੇ । ਸਾਲਾਂ ਬੱਧੀ ਅੰਜੁਮਨ ਤਹਿਰੀਕੇ ਜਦੀਦ ਭਾਰਤ ਦੇ ਅਜ਼ਾਦ ਮੈਂਬਰ ਅਤੇ ਕਾਰਜਕਰਤਾ ਰਹੇ । ਸੂਬਾਈ ਅਮਾਰਤ ਦੇ ਕਾਲ ਵਿੱਚ 1987 ਈ. ਵਿੱਚ ਵਾਦੀ ਕਸ਼ਮੀਰ ਵਿੱਚ ਪੰਜ ਜਮਾਤੀ ਸਕੂਲਾਂ ਦੀ ਸਥਾਪਨਾ ਵੀ ਇਹਨਾ ਦੇ ਕਾਲ ਵਿੱਚ ਹੋਈ । ਅਨੇਕਾਂ ਮਸਜਿਦਾਂ ਅਤੇ ਮਿਸ਼ਨ ਹਾਉਸਜ਼ ਦੀ ਉਸਾਰੀ ਲਈ ਭਰਪੂਰ ਜਤਨ ਤੇ ਮਿਹਨਤ ਕੀਤੀ । ਨੌਜੁਆਨਾ ਦੀ ਵਿਦਿਅਕ ਯੋਗਤਾ ਨੂੰ ਉਜਾਗਰ ਕਰਨ ਲਈ ਅਤੇ ਵਧਾਉਣ ਲਈ ਵਾਹਵਾ ਜਤਨ ਕਰਦੇ ਸਨ ਅਤੇ ਇਸ ਕੰਮ ਵਿੱਚ ਹਮੇਸ਼ਾ ਅੱਗੇ ਰਹਿੰਦੇ ਸਨ । ਯਾਰੀ ਪੁਰਾ ਦੇ ਖੇਤਰ ਵਿੱਚ ਇਹਨਾ ਦੀਆ ਸਮਾਜਕ ਸੇਵਾਵਾਂ ਕਰਕੇ ਆਪ ਦਾ ਬਹੁਤ ਸਨਮਾਨ ਸੀ । ਅਲੱਾਹ ਤਆਲਾ ਬਖ਼ਸ਼ਿਸ਼ ਤੇ ਰਹਿਮ ਦਾ ਵਰਤਾਉ ਕਰੇ ਇਹਨਾ ਨਾਲ । ਇਹਨਾ ਦੀਆਂ ਅਗਲੀ ਨਸਲਾਂ ਨੂੰ ਵੀ ਨੇਕ ਤੇ ਪਾਕ ਬਣਾਏ ਅਤੇ ਸੇਵਾ ਦਾ ਮੌਕਾ ਦਿੰਦਾ ਰਹੇ । ਹਜ਼ੂਰ ਅਨਵਰ ਨੇ ਸਾਰਿਆਂ ਮਰਹੂਮਾ ਦੀ ਬਖ਼ਸ਼ਿਸ਼ ਅਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّاٰتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمكم الله اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma 31.12.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131